ਵਪਾਰਿਕ, ਆਰਥਿਕ, ਵਿਗਿਆਨਕ, ਤਕਨੀਕੀ ਅਤੇ ਸੱਭਿਆਚਾਰਕ ਸਹਿਯੋਗ (IRIGC-TEC) ’ਤੇ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੀ ਵਰਚੁਅਲ ਸਮੀਖਿਆ ਮੀਟਿੰਗ

ਮਾਰਚ 06, 2023

ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਐਚ.ਈ. ਮਿਸਟਰ ਡੇਨਿਸ ਮੰਤੁਰੋਵ ਨਾਲ ਵਰਚੁਅਲ ਸਮੀਖਿਆ ਮੀਟਿੰਗ ਕੀਤੀ ਜੋ ਰਸ਼ੀਅਨ ਫੈਡਰੇਸ਼ਨ ਦੇ ਉਪ ਪ੍ਰਧਾਨ ਮੰਤਰੀ, ਵਪਾਰ ਅਤੇ ਉਦਯੋਗ ਮੰਤਰੀ ਅਤੇ ਵਪਾਰਿਕ, ਆਰਥਿਕ, ਵਿਗਿਆਨਕ, ਤਕਨੀਕੀ ਅਤੇ ਸੱਭਿਆਚਾਰਕ ਸਹਿਯੋਗ (IRIGC-TEC) 'ਤੇ ਭਾਰਤ-ਰੂਸ ਅੰਤਰ-ਸਰਕਾਰੀ ਕਮਿਸ਼ਨ ਦੇ ਸਹਿ-ਪ੍ਰਧਾਨ ਹਨ।

2. ਸਹਿ-ਅਧਿਕਾਰੀਆਂ ਨੇ ਨਵੰਬਰ 2022 ਵਿੱਚ ਮਾਸਕੋ ਵਿੱਚ ਆਪਣੀ ਮੀਟਿੰਗ ਤੋਂ ਬਾਅਦ IRIGC-TEC ਢਾਂਚੇ ਦੇ ਤਹਿਤ ਵੱਖ-ਵੱਖ ਕਾਰਜ ਸਮੂਹ ਅਤੇ ਉਪ-ਸਮੂਹ ਮੀਟਿੰਗਾਂ ਦੁਆਰਾ ਪ੍ਰਾਪਤ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ IRIGC-TEC ਦੀ ਅਗਲੀ ਵਿਅਕਤੀਗਤ ਮੀਟਿੰਗ ਲਈ ਰਾਹ ਪੱਧਰਾ ਕਰਨ ਨੂੰ ਲੈਕੇ ਮਾਰਗਦਰਸ਼ਨ ਕੀਤਾ, ਜੋ ਕਿ ਆਪਸੀ ਸੁਵਿਧਾਜਨਕ ਤਰੀਕਾਂ 'ਤੇ ਨਵੀਂ ਦਿੱਲੀ ਵਿੱਚ ਆਯੋਜਿਤ ਕੀਤੀ ਜਾਵੇਗੀ। ਦੋਵੇਂ ਧਿਰਾਂ ਵਪਾਰਿਕ ਘਾਟੇ ਅਤੇ ਮੰਡੀ ਤੱਕ ਪਹੁੰਚ ਦੇ ਮਾਮਲਿਆਂ ਨੂੰ ਹੱਲ ਕਰਨ ਸਮੇਤ ਭਾਰਤ-ਰੂਸ ਦੁਵੱਲੇ ਵਪਾਰਕ ਅਤੇ ਆਰਥਿਕ ਸਬੰਧਾਂ ਦੀ ਪੂਰੀ ਸਮਰੱਥਾ ਨੂੰ ਵਧਾਉਣ ਲਈ ਮਿਲ ਕੇ ਕੰਮ ਕਰਨ ਲਈ ਸਹਿਮਤ ਹੋਈਆਂ।

3. ਅੰਤਰ-ਸਰਕਾਰੀ ਕਮਿਸ਼ਨ ਦੋਵਾਂ ਦੇਸ਼ਾਂ ਵਿਚਕਾਰ ਵਪਾਰਿਕ ਅਤੇ ਆਰਥਿਕ ਸਹਿਯੋਗ ਦੇ ਖੇਤਰਾਂ ਵਿੱਚ ਦੁਵੱਲੀ ਪ੍ਰਗਤੀ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨ ਦੀ ਇੱਕ ਵਿਧੀ ਹੈ ਜਿਸ ਦੀ ਸਥਾਪਨਾ ਵਪਾਰਿਕ, ਆਰਥਿਕ, ਵਿਗਿਆਨਕ ਅਤੇ ਤਕਨੀਕੀ ਸਹਿਯੋਗ ’ਤੇ ਅੰਤਰ-ਸਰਕਾਰੀ ਕਮਿਸ਼ਨ ਨੇ ਇੱਕ ਸਮਝੌਤੇ ਦੁਆਰਾ ਮਈ 1992 ਵਿੱਚ ਕੀਤੀ ਸੀ। IRIGC ਦਾ ਪਹਿਲਾ ਸੈਸ਼ਨ 13 ਅਤੇ 14 ਸਤੰਬਰ 1994 ਨੂੰ ਆਯੋਜਿਤ ਕੀਤਾ ਗਿਆ ਸੀ। ਹੁਣ ਤੱਕ, IRIGC ਦੀਆਂ 23 ਮੀਟਿੰਗਾਂ ਹੋ ਚੁੱਕੀਆਂ ਹਨ। IRIGC ਦਾ 23ਵਾਂ ਸੈਸ਼ਨ 14 ਸਤੰਬਰ 2018 ਨੂੰ ਮਾਸਕੋ ਵਿੱਚ ਆਯੋਜਿਤ ਕੀਤਾ ਗਿਆ ਸੀ। 24ਵੀਂ IRIGC-TEC ਮੀਟਿੰਗ ਦੀ ਮੇਜ਼ਬਾਨੀ ਭਾਰਤ ਵੱਲੋਂ ਕੀਤੀ ਜਾਵੇਗੀ ਅਤੇ ਅੱਜ ਦੀ ਸਮੀਖਿਆ ਮੀਟਿੰਗ ਇਸ ਦਾ ਰਾਹ ਪੱਧਰਾ ਕਰੇਗੀ।

ਨਵੀਂ ਦਿੱਲੀ

ਮਾਰਚ 06, 2023